ਝੋਨੇ ਦੀ ਖਰੀਦ: ਵਿਰੋਧੀ ਧਿਰ ਵੱਲੋਂ ਵਾਕਆਊਟ

ਟ੍ਰਿਬਿਊਨ ਨਿਊਜ਼ ਸਰਵਿਸ
ਚੰਡੀਗੜ੍ਹ, 30 ਨਵੰਬਰ

ਕਿਸਾਨਾਂ ਨੂੰ ਝੋਨੇ ਦੀ ਖਰੀਦ ਵਿੱਚ ਘੱਟ ਭਾਅ ਦੇਣ ਅਤੇ ਮਿੱਲਰਾਂ ਵੱਲੋਂ ਹੇਰਾਫੇਰੀ ਕਰਨ ਦੀ ਉੱਚ ਪੱਧਰੀ ਜਾਂਚ ਕਰਵਾਉਣ ਦੇ ਮੁੱਦੇ ਨੂੰ ਲੈ ਕੇ ਸਮੁੱਚੀ ਵਿਰੋਧੀ ਧਿਰ ਨੇ ਹਰਿਆਣਾ ਵਿਧਾਨ ਸਭਾ ਵਿੱਚੋਂ ਵਾਕ ਆਊਟ ਕੀਤਾ। ਕਾਂਗਰਸ ਪਾਰਟੀ ਦੇ ਵਿਧਾਇਕਾਂ ਨੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ, ਕਰਨ ਦਲਾਲ, ਕਿਰਨ ਚੌਧਰੀ, ਆਨੰਦ ਸਿੰਘ ਡਾਂਗੀ, ਕੁਲਦੀਪ ਸ਼ਰਮਾ ਤੇ ਹੋਰਨਾਂ ਨੇ ਸਰਕਾਰ ਨੂੰ ਘੇਰਿਆ ਤੇ ਮੰਗ ਕੀਤੀ ਕਿ ਮਾਮਲੇ ਦੀ ਵਿਸ਼ੇਸ਼ ਜਾਂਚ ਟੀਮ ਬਣਾ ਕੇ ਜਾਂ ਹਾਈ ਕੋਰਟ ਦੇ ਮੌਜੂਦਾ ਜੱਜ ਕੋਲੋਂ ਜਾਂਚ ਕਰਵਾਈ ਜਾਵੇ। ਇਸ ਮਾਮਲੇ 'ਤੇ ਖੇਤੀਬਾੜੀ ਮੰਤਰੀ ਓ ਪੀ ਧਨਖੜ ਤੇ ਵਿੱਤ ਮੰਤਰੀ ਕੈਪਟਨ ਅਭਿਮੰਨਿਊ ਤੇ ਮੁੱਖ ਮੰਤਰੀ ਮਨੋਹਰ ਲਾਲ ਨੇ ਦਖ਼ਲ ਦੇਣ ਦਾ ਯਤਨ ਕੀਤਾ ਪਰ ਪਰ ਵਿਰੋਧੀ ਧਿਰ ਨੇ ਗੱਲ ਨਹੀਂ ਸੁਣੀ ਤੇ ਅਖੀਰ ਕਾਂਗਰਸੀ ਸਦਨ ਵਿੱਚੋਂ ਵਾਕ ਆਊਟ ਕਰ ਗਏ। ਉਸ ਤੋਂ

ਬਾਅਦ ਇਨੈਲੋ ਵਿਧਾਇਕ ਸਪੀਕਰ ਕੰਵਰ ਪਾਲ ਦੇ ਆਸਨ ਸਾਹਮਣੇ ਚਲੇ ਗਏ ਤੇ ਨਾਅਰੇਬਾਜ਼ੀ ਕਰਨ ਲੱਗ ਪਏ। ਉਹ ਵੀ ਮੰਗ ਕਰ ਰਹੇ ਸਨ ਕਿ ਕਿਸਾਨਾਂ ਨਾਲ ਝੋਨੇ ਦੀ ਖਰੀਦ ਵਿਚ ਭਾਰੀ ਠੱਗੀ ਮਾਰੀ ਗਈ ਹੈ ਤੇ ਇਸ ਦੀ ਵਿਸ਼ੇਸ਼ ਜਾਂਚ ਕਰਵਾਈ ਜਾਵੇ। ਅਖੀਰ ਉਨ੍ਹਾਂ ਨੇ ਵੀ ਰੋਸ ਵਜੋਂ ਸਦਨ ਵਿੱਚੋਂ ਵਾਕ ਆਊਟ ਕਰ ਦਿੱਤਾ।

ਆਸ਼ੂਤੋਸ਼ ਦੀ ਦੇਹ ਅਜੇ ਫ੍ਰਿੱਜ ਵਿੱਚ ਹੀ ਰਹੇਗੀ

ਟ੍ਰਿਬਿਊਨ ਨਿਊਜ਼ ਸਰਵਿਸ
ਚੰਡੀਗੜ੍ਹ, 30 ਨਵੰਬਰ

ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਦੇ ਮੁਖੀ ਆਸ਼ੂਤੋਸ਼ ਦੀ ਦੇਹ ਅਤੇ ਸਬੰਧਤ ਹੋਰ ਮਾਮਲਿਆਂ ਨਾਲ ਜੁੜੀਆਂ ਪਟੀਸ਼ਨਾਂ 'ਤੇ ਸੁਣਵਾਈ ਦੌਰਾਨ ਅਗਲੀ ਤਾਰੀਖ 15 ਜਨਵਰੀ ਮੁਕੱਰਰ ਕਰ ਦਿੱਤੀ ਹੈ। ਸੰਸਥਾਨ ਨੇ ਇਹ ਕਹਿੰਦਿਆਂ ਕਾਰਵਾਈ ਅੱਗੇ ਪਾਉਣ ਦੀ ਅਪੀਲ ਕੀਤੀ ਕਿ ਇਸ ਮਾਮਲੇ ਦੇ ਹੱਲ ਲਈ ਕਮੇਟੀ ਬਣਾਉਣ ਲਈ ਹੋਰ ਸਮਾਂ ਚਾਹੀਦਾ ਹੈ। ਸੁਣਵਾਈ ਦੌਰਾਨ ਆਸ਼ੂਤੋਸ਼ ਦਾ ਪੁੱਤਰ ਹੋਣ ਦਾ ਦਾਅਵਾ ਕਰਨ ਵਾਲੇ ਦਲੀਪ ਕੁਮਾਰ ਝਾਅ ਦੀ ਪਟੀਸ਼ਨ ਉਤੇ ਵੀ ਸੁਣਵਾਈ ਹੋਈ।

ਜਨ ਲੋਕਪਾਲ ਬਿੱਲ ਦਿੱਲੀ ਵਿਧਾਨ ਸਭਾ 'ਚ ਪੇਸ਼

ਅੰਨਾ ਅੰਦੋਲਨ ਵੇਲੇ ਤਿਆਰ ਮਸੌਦੇ ਵਰਗਾ ਬਿੱਲ ਹੋਣ ਦਾ ਦਾਅਵਾ

ਪੱਤਰ ਪ੍ਰੇਰਕ
ਨਵੀਂ ਦਿੱਲੀ, 30 ਨਵੰਬਰ

ਦਿੱਲੀ ਸਰਕਾਰ ਵੱਲੋਂ ਅੱਜ ਚਰਚਿਤ ਜਨਲੋਕਪਾਲ ਬਿੱਲ-2015 ਵਿਧਾਨ ਸਭਾ ਵਿੱਚ ਪੇਸ਼ ਕੀਤਾ ਗਿਆ। ਅਰਵਿੰਦ ਕੇਜਰੀਵਾਲ ਸਰਕਾਰ ਵੱਲੋਂ ਇਹ ਬਿਲ ਦੂਜੀ ਵਾਰ ਸਦਨ ਵਿੱਚ ਪੇਸ਼ ਕੀਤਾ ਗਿਆ ਹੈ ਜੋ ਲੋਕਪਾਲ ਨੂੰ ਕੇਂਦਰ ਤੇ ਸੂਬੇ ਦੇ ਕਿਸੇ ਵੀ ਸਰਕਾਰੀ ਅਧਿਕਾਰੀ ਖ਼ਿਲਾਫ਼ ਤਾਕਤਾਂ ਵਰਤਣ ਦੀ ਖੁੱਲ੍ਹ ਦਿੰਦਾ ਹੈ। ਜਨਲੋਕਪਾਲ ਕੋਲ ਖ਼ੁਦ ਦਾ ਸੁਤੰਤਰ ਜਾਂਚ ਵਿੰਗ ਹੋਵੇਗਾ।

ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਵਿਧਾਨ ਸਭਾ 'ਚ ਬਿੱਲ ਪੇਸ਼ ਕੀਤਾ। ਆਮ ਆਦਮੀ ਪਾਰਟੀ ਦੇ ਆਗੂਆਂ ਦਾ ਕਹਿਣਾ ਹੈ ਕਿ ਇਹ ਲੋਕਪਾਲ ਬਿੱਲ ਕੇਂਦਰੀ ਮੰਤਰੀਆਂ ਤੇ ਕੇਂਦਰ ਸਰਕਾਰ ਦੇ ਅਧਿਕਾਰੀਆਂ ਦੇ ਭ੍ਰਿਸ਼ਟਾਚਾਰ ਨਾਲ ਜੁੜੇ ਮਾਮਲਿਆਂ ਦੀ ਜਾਂਚ ਨੂੰ ਵੀ ਆਪਣੇ ਦਾਇਰੇ ਵਿੱਚ ਲਵੇਗਾ। ਉਪ ਮੁੱਖ ਮੰਤਰੀ ਨੇ ਸਦਨ ਨੂੰ ਭਰੋਸਾ ਦਿੱਤਾ ਕਿ ਇਹ ਬਿੱਲ ਵੀ 2011 ਦੇ ਰਾਮਲੀਲਾ ਮੈਦਾਨ 'ਚ ਹੋਏ ਅੰਨਾ ਅੰਦੋਲਨ ਵੇਲੇ ਡਰਾਫ਼ਟ ਕੀਤੇ ਗਏ ਬਿੱਲ ਵਰਗਾ ਹੀ ਹੈ। ਉਨ੍ਹਾਂ ਭਾਜਪਾ ਵੱਲੋਂ ਲਾਏ ਜਾ ਰਹੇ ਦੋਸ਼ਾਂ ਨੂੰ ਰੱਦ ਕਰਦੇ ਹੋਏ ਕਿਹਾ ਕਿ ਬਿੱਲ ਲੋਕਪਾਲ ਨੂੰ ਪੜਤਾਲ ਤੇ ਮੁਕੱਦਮਾ ਕਰਨ ਦੀ ਸਿਵਲ ਅਦਾਲਤ ਵਾਂਗ ਤਾਕਤ ਦਿੰਦਾ ਹੈ ਅਤੇ ਖ਼ੁਦ ਵੀ ਅਤੇ ਸ਼ਿਕਾਇਤਾਂ ਦੇ ਆਧਾਰ 'ਤੇ ਮਾਮਲੇ ਲੈ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਤਹਿਤ ਸਮਾਂਬੱਧ ਤੇ ਛੇ ਮਹੀਨੇ ਜਾਂ ਖਾਸ ਮਾਮਲਿਆਂ 'ਚ ਇਕ ਸਾਲ ਵਿੱਚ ਮੁਕੱਦਮਾ ਚਲਾਇਆ ਜਾ ਸਕੇਗਾ। ਦੋਸ਼ੀਆਂ ਦੀਆਂ ਜਾਇਦਾਦਾਂ ਜ਼ਬਤ ਕਰਨ ਤੋਂ ਉਮਰ ਕੈਦ ਤਕ ਦੀ ਸਜ਼ਾ ਸੁਣਾਈ ਜਾ ਸਕਦੀ ਹੈ। ਸਦਨ ਵਿੱਚ ਅਰਵਿੰਦ ਕੇਜਰੀਵਾਲ ਜ਼ਿੰਦਾਬਾਦ ਤੇ ਵੰਦੇ ਮਾਤਰਮ ਦੇ ਨਾਅਰੇ ਵੀ ਗੂੰਜੇ। ਸ੍ਰੀ ਕੇਜਰੀਵਾਲ ਨੇ ਟਵੀਟ ਕਰ ਕੇ ਸਿਸੋਦੀਆ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਆਜ਼ਾਦ ਭਾਰਤ ਵਿੱਚ ਬਣਨ ਵਾਲਾ ਹੁਣ ਤਕ ਦਾ ਇਹ ਸਭ ਤੋਂ ਤਾਕਤਵਰ ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਹੈ।

ਜਦੋਂ ਸਦਨ ਦੀ ਕਾਰਵਾਈ ਸ਼ੁਰੂ ਹੋਈ ਤਾਂ ਭਾਜਪਾ ਵਿਧਾਇਕ ਦਲ ਦੇ ਨੇਤਾ ਵਜਿੰਦਰ ਗੁਪਤਾ ਨੂੰ ਸਪੀਕਰ ਨੇ ਮਾਰਸ਼ਲਾਂ ਦੀ ਮਦਦ ਨਾਲ ਵਿਧਾਨ ਸਭਾ 'ਚੋਂ ਬਾਹਰ ਕੱਢ ਦਿੱਤਾ। ਸ੍ਰੀ ਗੁਪਤਾ ਨੇ ਸਪੀਕਰ 'ਤੇ ਪੱਖਪਾਤ ਦਾ ਦੋਸ਼ ਲਾਇਆ ਕਿ ਭਾਜਪਾ ਦੇ ਵਿਧਾਇਕਾਂ ਦੀ ਨਹੀਂ ਸੁਣੀ ਜਾ ਰਹੀ। ਉਹ ਸਦਨ ਵਿੱਚੋਂ ਕੱਢੇ ਗਏ ਭਾਜਪਾ ਵਿਧਾਇਕ ਓ ਪੀ ਸ਼ਰਮਾ ਬਾਰੇ ਬੋਲ ਰਹੇ ਸਨ। ਉਧਰ ਪੂਰੇ ਸੈਸ਼ਨ ਲਈ ਸਦਨ ਵਿੱਚੋਂ ਕੱਢੇ ਗਏ ਵਿਧਾਇਕ ਓ ਪੀ ਸ਼ਰਮਾ ਨੈਤਿਕਤਾ ਕਮੇਟੀ ਅੱਗੇ ਪੇਸ਼ ਹੋਏ ਤੇ ਆਪਣਾ ਪੱਖ ਰੱਖਿਆ।

ਭਾਜਪਾ ਨੂੰ ਕਈ ਮੱਦਾਂ 'ਤੇ ਇਤਰਾਜ਼

ਨਵੀਂ ਦਿੱਲੀ (ਪੱਤਰ ਪ੍ਰੇਰਕ): ਦਿੱਲੀ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਵਜਿੰਦਰ ਗੁਪਤਾ ਨੇ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਜਨਲੋਕਪਾਲ ਬਿੱਲ ਦੀਆਂ ਕਈ ਮੱਦਾਂ ਸੰਵਿਧਾਨ ਖ਼ਿਲਾਫ਼ ਹਨ ਤੇ ਇਸ ਨੂੰ ਇਸ ਸਰੂਪ ਵਿੱਚ ਸਵੀਕਾਰਿਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਬਿਲ ਅੰਦਰ ਹੀ ਇਸ ਦੀ 'ਸਵੈ ਮੌਤ' ਦੇ ਬੀਜ ਪਏ ਹਨ। ਉਨ੍ਹਾਂ ਨਾਲ ਭਾਜਪਾ ਦੇ ਦੂਜੇ ਵਿਧਾਇਕ ਜਗਦੀਸ਼ ਪ੍ਰਧਾਨ ਵੀ ਹਾਜ਼ਰ ਸਨ।

ਪਹਿਲੇ ਸਫ਼ੇ ਤੋਂ

ਆਨੰਦਪੁਰ ਸਾਹਿਬ-ਹਜ਼ੂਰ ਸਾਹਿਬ ਮਾਰਗ ਨੂੰ ਕੌਮੀ ਸ਼ਾਹਰਾਹ ਦਾ ਦਰਜਾ

ਦੇਣ ਦਾ ਭਰੋਸਾ ਦਿੱਤਾ ਹੈ। ਮੀਟਿੰਗ ਦੌਰਾਨ ਸ੍ਰੀ ਬਾਦਲ ਨੇ ਚੰਡੀਗੜ੍ਹ-ਖਰੜ-ਲੁਧਿਆਣਾ ਕੌਮੀ ਮਾਰਗ-95 ਨੂੰ ਚਾਰ ਤੇ ਛੇ ਮਾਰਗੀ ਬਣਾਉਣ ਲਈ ਜਲਦ ਸਹਿਮਤੀ ਦੇਣ ਦੀ ਮੰਗ ਕੀਤੀ। ਇਸ ਮੰਗ ਨੂੰ ਮੰਨਦਿਆਂ ਕੇਂਦਰੀ ਮੰਤਰੀ ਨੇ ਇਸ ਪ੍ਰਾਜੈਕਟ ਨੂੰ ਇੱਕ ਮਹੀਨੇ ਦੇ ਅੰਦਰ ਮਨਜ਼ੂਰੀ ਦੇਣ ਨੂੰ ਹਰੀ ਝੰਡੀ ਦੇ ਦਿੱਤੀ ਹੈ। ਉਨ੍ਹਾਂ ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ ਨੂੰ ਹਦਾਇਤਾਂ ਕੀਤੀਆਂ ਕਿ ਰੋਪੜ-ਫਗਵਾੜਾ ਦੇ ਸੜਕੀ ਪ੍ਰਾਜੈਕਟ ਨੂੰ ਛੇਤੀ ਤੋਂ ਛੇਤੀ ਹਰੀ ਝੰਡੀ ਦਿੱਤੀ ਜਾਵੇ।

ਸ੍ਰੀ ਗਡਕਰੀ ਨੇ ਰਾਮਪੁਰਾ-ਤਲਵੰਡੀ ਸਾਬੋ ਰੋਡ, ਜੋ ਰਿਫਾਇਨਰੀ ਤਕ ਹੈ, ਨਕੋਦਰ-ਮੋਗਾ-ਬਰਨਾਲਾ-ਮਾਨਸਾ-ਝੁਨੀਰ-ਸਰਦੂਲਗੜ੍ਹ ਰੋਡ, ਜਲੰਧਰ-ਕਪੂਰਥਲਾ-ਸੁਲਤਾਨਪੁਰ ਲੋਧੀ-ਗਿੱਦੜਪਿੰਡੀ ਅਤੇ ਮੁੱਦਕੀ-ਰਾਮਪੁਰਾ ਫੂਲ ਸੜਕਾਂ ਨੂੰ ਚੌੜਾ ਕਰਨ ਲਈ ਪੰਜਾਬ ਦੇ ਪੀਡਬਲਿਊਡੀ ਵਿਭਾਗ ਵੱਲੋਂ ਭੇਜੇ ਗਏ ਐਸਟੀਮੇਟਾਂ ਨੂੰ ਮਨਜ਼ੂਰ ਕਰਦਿਆਂ ਨਕੋਦਰ-ਮੋਗਾ-ਬਰਨਾਲਾ-ਮਾਨਸਾ-ਝੁਨੀਰ-ਸਰਦੂਲਗੜ੍ਹ ਰੋਡ ਅਤੇ ਜਲੰਧਰ-ਕਪੂਰਥਲਾ-ਸੁਲਤਾਨਪੁਰ ਲੋਧੀ-ਗਿੱਦੜਪਿੰਡੀ ਨੂੰ ਚੌੜਾ ਕਰਨ ਦੇ 100 ਕਰੋੜ ਰੁਪਏ ਤੋਂ ਵੱਧ ਦੇ ਪ੍ਰਾਜੈਕਟ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਜੰਨਤ ਤੇ ਮੰਨਤ ਦੀ ਜ਼ਿੰਦਗੀ 'ਚ ਆਈ ਰੰਗਤ

ਪੀਜੀਆਈ ਵੱਲੋਂ ਅੱਠ ਸਾਲ ਪਹਿਲਾਂ ਵੀ ਇੱਕ ਅਜਿਹਾ ਅਪਰੇਸ਼ਨ ਕੀਤਾ ਗਿਆ ਸੀ ਪਰ ਉਸ 'ਚ ਬੱਚਿਆਂ ਨੂੰ ਬਚਾਇਆ ਨਹੀਂ ਜਾ ਸਕਿਆ ਸੀ। ਦੱਸਣਯੋਗ ਹੈ ਕਿ ਅਪਰੇਸ਼ਨ ਦਾ ਖਰਚ ਕੇਵਲ ਸੱਠ ਹਜ਼ਾਰ ਰੁਪਏ ਆਇਆ ਹੈ ਜਦੋਂ ਕਿ ਪਰਿਵਾਰ ਦੀ ਵਿੱਤੀ ਹਾਲਤ ਠੀਕ ਨਾ ਹੋਣ ਕਾਰਨ ਵੱਡੀ ਰਿਆਇਤ ਦਿੱਤੀ ਗਈ ਹੈ। ਇਹ ਅਪਰੇਸ਼ਨ ਅੱਠ ਘੰਟੇ ਚੱਲਿਆ ਤੇ ਛੇ ਸੀਨੀਅਰ ਡਾਕਟਰਾਂ ਦੀ ਟੀਮ ਨੇ ਇਹ ਚੁਣੌਤੀ ਭਰਿਆ ਮਾਅਰਕਾ ਮਾਰਿਆ ਹੈ। ਟੀਮ ਦੀ ਅਗਵਾਈ ਡਾਕਟਰ ਰਵੀ ਕਨੌਜੀਆ ਤੇ ਡਾਕਟਰ ਜੇ ਕੇ ਮਹਾਜਨ ਨੇ ਕੀਤੀ। ਬੇਹੋਸ਼ ਕਰਨ ਵਾਲੇ ਡਾਕਟਰਾਂ ਦੀ ਟੀਮ ਵਿੱਚ ਡਾਕਟਰ ਨੀਰਜਾ ਤੇ ਡਾਕਟਰ ਸੰਧਿਆ ਸ਼ਾਮਲ ਸਨ। ਡਾਕਟਰ ਕਨੌਜੀਆ ਨੇ ਦੱਸਿਆ ਕਿ ਦੋਵੇਂ ਭੈਣਾਂ ਦਾ ਜਿਗਰ ਇੱਕ ਸੀ ਅਤੇ ਸਰੀਰ ਦੇ ਬਾਕੀ ਸਾਰੇ ਅੰਗ ਵੱਖ ਵੱਖ ਸਨ। ਜਿਗਰ ਨੂੰ ਵਿਚਾਲਿਓਂ ਕੱਟ ਕੇ ਦੋਵਾਂ ਸਰੀਰਾਂ ਵਿੱਚ ਵੰਡ ਕੇ ਫਿੱਟ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਜਿਗਰ ਸਰੀਰ ਦਾ ਇੱਕ ਅਜਿਹਾ ਮਹੱਤਵਪੂਰਨ ਅੰਗ ਹੈ, ਜਿਹੜਾ ਕੱਟਣ ਤੋਂ ਬਾਅਦ ਮੁੜ ਵੱਡਾ ਹੋਣ ਲੱਗਦਾ ਹੈ ਅਤੇ ਇਹ ਆਪਣੇ ਸਾਰੇ ਕਾਰਜ ਨਿਭਾਉਣ ਦੇ ਸਮਰੱਥ ਹੁੰਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਡਾਕਟਰ ਵਜੋਂ ਕਰੀਅਰ ਦਾ ਇਹ ਸਭ ਤੋਂ ਚੁਣੌਤੀ ਭਰਿਆ ਅਪਰੇਸ਼ਨ ਸੀ, ਜੋ ਪੂਰੀ ਟੀਮ ਦੇ ਸਹਿਯੋਗ ਨਾਲ ਸਫ਼ਲਤਾਪੂਰਵਕ ਸਿਰੇ ਚੜ੍ਹਿਆ ਹੈ। ਉਨ੍ਹਾਂ ਨੇ ਆਮ ਲੋਕਾਂ ਨੂੰ ਸਲਾਹ ਦਿੱਤੀ ਕਿ ਸਰੀਰਕ ਤੌਰ 'ਤੇ ਜੁੜੇ ਬੱਚਿਆਂ ਘਰਾਂ ਵਿੱਚ ਲੈ ਕੇ ਨਾ ਬੈਠਿਆ ਜਾਵੇ ਸਗੋਂ ਇਸ ਦਾ ਪੀਜੀਆਈ ਵਿੱਚ ਇਲਾਜ ਸੰਭਵ ਹੈ। ਉਨ੍ਹਾਂ ਦੱਸਿਆ ਕਿ ਬੱਚੀਆਂ ਦੀ ਸਿਹਤ ਵਿੱਚ ਤਸੱਲੀਬਖ਼ਸ਼ ਸੁਧਾਰ ਆਇਆ ਹੈ ਅਤੇ ਭਲਕੇ ਉਨ੍ਹਾਂ ਨੂੰ ਹਸਪਤਾਲ ਤੋਂ ਛੁੱਟੀ ਦਿੱਤੀ ਜਾ ਰਹੀ ਹੈ।

ਅਮਰਿੰਦਰ ਦੇ ਪ੍ਰਧਾਨ ਬਣਨ ਪਿੱਛੋਂ ਛੋਟੇ ਪੰਥਕ ਦਲ ਹੋਏ ਸਰਗਰਮ

ਮਹਾਂਸਭਾ ਦੇ ਵੀ ਅਹੁਦੇਦਾਰ ਹਨ। ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦਾ ਪੋਤਰਾ ਸਿਮਰ ਪ੍ਰਤਾਪ ਸਿੰਘ ਬਰਨਾਲਾ ਧੂਰੀ ਵਿਧਾਨ ਸਭਾ ਹਲਕੇ ਤੋਂ ਜ਼ਿਮਨੀ ਚੋਣ ਕਾਂਗਰਸ ਦੀ ਟਿਕਟ ਉੱਤੇ ਲੜ ਚੁੱਕਿਆ ਹੈ। ਮੀਟਿੰਗ ਵਿੱਚ ਸ਼ਾਮਲ ਇੱਕ ਆਗੂ ਨੇ ਕਿਹਾ ਕਿ ਸਿਆਸੀ ਤੌਰ ਉੱਤੇ ਤਾਂ ਅਕਾਲੀ-ਭਾਜਪਾ ਨੂੰ ਹਰਾਉਣ ਲਈ ਪੰਜਾਬ ਵਿੱਚ ਕਾਂਗਰਸ ਦੀ ਅਗਵਾਈ ਵਿੱਚ ਇੱਕ ਵੱਡੇ ਗੱਠਜੋੜ ਦੀ ਲੋੜ ਹੈ। ਖੱਬੇ ਪੱਖੀਆਂ ਨੂੰ ਵੀ ਇਸ ਗੱਠਜੋੜ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ। ਗੌਰਤਲਬ ਹੈ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮਨਪ੍ਰੀਤ ਬਾਦਲ ਦੀ ਅਗਵਾਈ ਵਾਲੀ ਪੀਪਲਜ਼ ਪਾਰਟੀ ਆਫ ਪੰਜਾਬ, ਅਕਾਲੀ ਦਲ (ਲੌਂਗੋਵਾਲ) ਅਤੇ ਸੀਪੀਆਈ-ਸੀਪੀਐਮ ਵਿੱਚ ਗੱਠਜੋੜ ਹੋਇਆ ਸੀ।

ਇੱਕ ਹੋਰ ਆਗੂ ਨੇ ਕਿਹਾ ਕਿ ਫਿਲਹਾਲ ਇਹ ਮੀਟਿੰਗ ਪੰਥਕ ਸਥਿਤੀ ਉੱਤੇ ਵਿਚਾਰ ਕਰਨ ਲਈ ਸੱਦੀ ਗਈ ਸੀ। ਸਰਬੱਤ ਖਾਲਸਾ ਦੇ ਨਾਮ ਉੱਤੇ ਕੁਝ ਆਗੂਆਂ ਨੇ ਆਪਣੀ ਸਵਾਰਥ ਸਿੱਧੀ ਲਈ ਸਰਕਾਰ ਖਿਲਾਫ਼ ਭੜਕੇ ਗੁੱਸੇ ਨੂੰ ਮੱਠਾ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਅਤੇ ਤਖ਼ਤਾਂ ਦੇ ਜਥੇਦਾਰਾਂ ਦੇ ਮੁੱਦੇ ਅਜੇ ਵੀ ਅਣਸੁਲਝੇ ਪਏ ਹਨ। ਇਸ ਵਾਸਤੇ ਇੱਕ ਪੰਥਕ ਸੁਧਾਰ ਮੁਹਿੰਮ ਸ਼ੁਰੂ ਕਰਨ ਦੀ ਲੋੜ ਹੈ। ਇਨ੍ਹਾਂ ਵਿੱਚੋਂ ਕਈ ਆਗੂਆਂ ਦਾ ਸੋਚਣਾ ਹੈ ਕਿ ਸਿਆਸੀ ਖੇਤਰ ਵਿੱਚ ਅਮਰਿੰਦਰ ਸਿੰਘ ਤੋਂ ਵੱਧ ਪੰਥਕ ਚਿਹਰੇ ਵਾਲਾ ਅਜੇ ਕੋਈ ਵਿਅਕਤੀ ਦਿਖਾਈ ਨਹੀਂ ਦੇ ਰਿਹਾ। ਸ਼੍ਰੋਮਣੀ ਕਮੇਟੀ ਤੋਂ ਬਾਦਲ ਪਰਿਵਾਰ ਦਾ ਕਬਜ਼ਾ ਛੁਡਵਾਉਣ ਲਈ ਇੱਕ ਵਿਆਪਕ ਗੱਠਜੋੜ ਦੀ ਦਿਸ਼ਾ ਵਿੱਚ ਅੱਗੇ ਵਧਣ ਦੀ ਲੋੜ ਹੈ। ਅਕਾਲੀ ਦਲ 1920 ਦੇ ਆਗੂ ਰਜਿੰਦਰ ਸਿੰਘ ਬਡਹੇੜੀ ਨੇ ਕਿਹਾ ਕਿ ਇਹ ਮੀਟਿੰਗ ਤਾਂ ਪਾਰਟੀ ਦੀ ਅੰਦਰੂਨੀ ਵਿਚਾਰ ਚਰਚਾ ਲਈ ਰੱਖੀ ਗਈ ਸੀ। ਸੂਤਰਾਂ ਅਨੁਸਾਰ ਸਾਰੇ ਆਗੂਆਂ ਨੇ ਇਸੇ ਜਗ੍ਹਾ ਲੰਚ ਵੀ ਕੀਤਾ। ਪੰਥਕ ਪ੍ਰਚਾਰਕਾਂ ਅਤੇ ਹੋਰ ਪੰਥਕ ਜਥੇਬੰਦੀਆਂ ਨੂੰ ਸੰਪਰਕ ਕਰਕੇ ਅੱਗੋਂ ਮੀਟਿੰਗਾਂ ਦਾ ਸਿਲਸਿਲਾ ਜਾਰੀ ਰੱਖਣ ਦਾ ਫੈਸਲਾ ਵੀ ਹੋਇਆ।

ਮਨਾਹੀ ਦੇ ਬਾਵਜੂਦ ਵਿਕ ਰਹੀਆਂ ਨੇ ਸਿੱਖ ਗੁਰੂਆਂ ਦੀਆਂ ਮੂਰਤੀਆਂ

ਦਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਤੋਂ ਇਲਾਵਾ ਸੋਸ਼ਲ ਸਾਈਟਾਂ 'ਤੇ ਵੀ ਸਖ਼ਤ ਵਿਰੋਧ ਹੋਇਆ ਹੈ। ਜਿਸ ਦੇ ਆਧਾਰ 'ਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਕੋਲ ਵੀ ਸ਼ਿਕਾਇਤ ਪੁੱਜੀ ਹੈ। ਜਥੇਦਾਰ ਗੁਰਬਚਨ ਸਿੰਘ ਨੇ ਸਿੱਖ ਸੰਗਤ ਨੂੰ ਅਪੀਲ ਕੀਤੀ ਹੈ ਕਿ ਸਿੱਖ ਗੁਰੂਆਂ ਦੀਆਂ ਮੂਰਤੀਆਂ ਨਾ ਬਣਾਈਆਂ ਜਾਣ ਅਤੇ ਨਾ ਹੀ ਕਿਸੇ ਨੂੰ ਭੇਟ ਕੀਤੀਆਂ ਜਾਣ ਕਿਉਂਕਿ ਇਹ ਸਿੱਖ ਧਰਮ ਨੂੰ ਮੂਰਤੀ ਪੂਜਾ ਵੱਲ ਪ੍ਰੇਰਿਤ ਕਰਨ ਦੀ ਇਕ ਡੂੰਘੀ ਸਾਜ਼ਿਸ਼ ਦਾ ਹਿੱਸਾ ਹੈ।

ਇਸ ਵੇਲੇ ਬਾਜ਼ਾਰ ਵਿਚ ਗੁਰੂ ਨਾਨਕ ਦੇਵ ਦੀਆਂ ਮੂਰਤੀਆਂ ਵਧੇਰੇ ਵਿਕ ਰਹੀਆਂ ਹਨ। ਇਹ ਮੂਰਤੀਆਂ ਤੇ ਤਸਵੀਰਾਂ ਇਥੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਬਣੀ ਮਾਰਕੀਟ ਅਤੇ ਹੋਰਨਾਂ ਦੁਕਾਨਾਂ ਵਿਚ ਸੌ ਰੁਪਏ ਤੋਂ ਲੈ ਕੇ 1500 ਰੁਪਏ ਤਕ ਮੁੱਲ ਦੀਆਂ ਹਨ ਜੋ ਇਥੇ ਆਉਣ ਵਾਲੇ ਯਾਤਰੂ ਯਾਦਗਾਰ ਵਜੋਂ ਖਰੀਦ ਕੇ ਲੈ ਜਾਂਦੇ ਹਨ। ਦੁਕਾਨਦਾਰਾਂ ਦੇ ਮੁਤਾਬਕ 5 ਤੋਂ 7 ਸਾਲ ਪਹਿਲਾਂ ਅਜਿਹੀਆਂ ਮੂਰਤੀਆਂ ਚੀਨ ਤੋਂ ਬਣ ਕੇ ਆਉਣੀਆਂ ਸ਼ੁਰੂ ਹੋਈਆਂ ਸਨ, ਜਿਸ ਤੋਂ ਬਾਅਦ ਇਹ ਇਥੇ ਭਾਰਤ ਵਿਚ ਵੱਖ ਵੱਖ ਥਾਵਾਂ 'ਤੇ ਵੀ ਬਣ ਰਹੀਆਂ ਹਨ। ਸਿੱਖ ਜਰਨੈਲ ਬਾਬਾ ਦੀਪ ਸਿੰਘ ਅਤੇ ਨਿਹੰਗ ਸਿੰਘਾਂ ਦੀਆਂ ਮੂਰਤੀਆਂ ਵੀ ਵਿਕ ਰਹੀਆਂ ਹਨ।

ਹਰਿਆਣਾ ਵਿਧਾਨ ਸਭਾ ਦਾ ਪਹਿਲਾ ਦਿਨ ਵਿਜ ਤੇ ਸੰਗੀਤਾ ਕਾਲੀਆ ਦੇ ਨਾਂ

ਕੇ ਪੇਸ਼ ਨਾ ਕੀਤਾ ਜਾਵੇ। ਮੰਤਰੀ ਸ਼ਿਕਾਇਤ ਨਿਵਾਰਨ ਕਮੇਟੀ ਦਾ ਚੇਅਰਮੈਨ ਹੁੰਦਾ ਹੈ ਅਤੇ ਚੇਅਰਮੈਨ ਦੇ ਹੁਕਮ ਦੀ ਪਾਲਣਾ ਹੋਣੀ ਚਾਹੀਦੀ ਹੈ ਪਰ ਅਧਿਕਾਰੀ ਨੇ ਚੇਅਰਮੈਨ ਦੀ ਗੱਲ ਨਹੀਂ ਮੰਨੀ। ਸਰਕਾਰ ਨੇ ਇਸ ਅਧਿਕਾਰੀ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਅਤੇ ਕੇਵਲ ਉਸ ਦਾ ਤਬਾਦਲਾ ਕੀਤਾ ਹੈ। ਆਜ਼ਾਦ ਵਿਧਾਇਕ ਜੈ ਪ੍ਰਕਾਸ਼ ਨੇ ਕਿਹਾ ਕਿ ਜੇਕਰ ਸਦਨ ਜਾਤ ਪਾਤ ਦੇ ਆਧਾਰ ਦੇ ਵੰਡਣ ਦਾ ਕੰਮ ਕਰੇਗਾ ਤਾਂ ਇਸ ਦੇ ਮੈਂਬਰ ਦੋਸ਼ੀ ਮੰਨੇ ਜਾਣਗੇ। ਅਧਿਕਾਰੀਆਂ ਦੇ ਵਿਹਾਰ 'ਤੇ ਲਗਾਮ ਲਾਉਣੀ ਚਾਹੀਦੀ ਹੈ।

ਸਿਹਤ ਮੰਤਰੀ ਨੇ ਕਿਹਾ ਕਿ ਸ਼ਿਕਾਇਤ ਨਿਵਾਰਨ ਕਮੇਟੀ ਦੀ ਮੀਟਿੰਗ 'ਚ ਇਕ ਐਨਜੀਓ ਨੇ ਕਿਹਾ ਸੀ ਕਿ ਉਹ ਡਰੱਗ ਤੇ ਸ਼ਰਾਬ ਦੇ ਨਾਜਾਇਜ਼ ਧੰਦੇ ਵਿਰੁੱਧ ਮੁਹਿੰਮ ਚਲਾ ਰਹੇ ਹਨ ਪਰ ਪੁਲੀਸ ਸਹਿਯੋਗ ਨਹੀਂ ਦਿੰਦੀ। ਇਸ 'ਤੇ ਪੁਲੀਸ ਅਧਿਕਾਰੀ ਨੇ ਐਨਜੀਓ ਦੇ ਮੈਂਬਰਾਂ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਦਖ਼ਲ ਦਿੰਦਿਆਂ ਮਹਿਲਾ ਅਧਿਕਾਰੀ ਨੂੰ ਕਿਹਾ ਕਿ ਉਹ ਬਾਹਰ ਚਲੇ ਜਾਣ ਤੇ ਉਹ ਇਕੱਲੇ ਗੱਲ ਸੁਣਨਾ ਚਾਹੁੰਦੇ ਹਨ ਪਰ ਅਧਿਕਾਰੀ ਨੇ ਗੱਲ ਨਹੀਂ ਮੰਨੀ। ਸਿਹਤ ਮੰਤਰੀ ਨੇ ਕਿਹਾ ਕਿ ਫਤਿਆਬਾਦ ਜ਼ਿਲ੍ਹੇ ਵਿੱਚ ਨਾਜਾਇਜ਼ ਸ਼ਰਾਬ ਤੇ ਡਰੱਗ ਦਾ ਧੰਦਾ ਜ਼ੋਰ ਸ਼ੋਰ ਨਾਲ ਚੱਲਦਾ ਹੈ। ਕਾਂਗਰਸ ਦੇ ਕੁਲਦੀਪ ਸ਼ਰਮਾ ਨੇ ਕਿਹਾ ਕਿ ਫਤਿਆਬਾਦ ਵਿੱਚ ਡਰੱਗ ਮਾਫੀਆ ਕੌਣ ਹੈ? ਇਸ ਮੁੱਦੇ 'ਤੇ ਬਹਿਸ 'ਚ ਕਾਂਗਰਸ ਵਿਧਾਇਕਾਂ ਦਾ ਸਾਥ ਕਾਂਗਰਸ ਵਿਧਾਇਕ ਦਲ ਦੀ ਨੇਤਾ ਕਿਰਨ ਚੌਧਰੀ ਤੇ ਦੋ ਤਿੰਨ ਵਿਧਾਇਕਾਂ ਨੇ ਹੀ ਦਿੱਤਾ। ਪ੍ਰਸ਼ਨ ਕਾਲ ਵਿੱਚ ਖੇਤੀਬਾੜੀ ਮੰਤਰੀ ਓ.ਪੀ. ਧਨਖੜ ਤੇ ਕਾਂਗਰਸ ਵਿਧਾਇਕ ਕਰਨ ਦਲਾਲ ਵਿਚਾਲੇ ਗਊ ਰੱਖਿਆ ਮੁੱਦੇ 'ਤੇ ਤਿੱਖੀ ਬਹਿਸ ਹੋਈ। ਕਾਂਗਰਸੀ ਵਿਧਾਇਕ ਨੇ ਕਿਹਾ ਕਿ ਆਪਣੇ ਆਪ ਨੂੰ ਗਊ ਰੱਖਿਅਕ ਕਹਿਣ ਵਾਲੇ ਇਸ ਮੁੱਦੇ ਤੇ ਢੌਂਗ ਕਰ ਰਹੇ ਹਨ। ਮੁੱਖ ਮੰਤਰੀ ਨੇ ਦਖ਼ਲ ਦਿੰਦਿਆਂ ਕਿਹਾ ਕਿ ਹਰਿਆਣਾ 'ਚ ਗਊ ਤੇ ਕੱਟੇ ਨੂੰ ਮਾਰਨ 'ਤੇ ਪਾਬੰਦੀ ਹੈ ਪਰ ਮ੍ਰਿਤਕ ਪਸ਼ੂਆਂ ਦਾ ਚਮੜਾ ਲਾਹੁਣ 'ਤੇ ਕੋਈ ਪਾਬੰਦੀ ਨਹੀਂ ਹੈ ਸਗੋਂ ਇਹ ਤਾਂ ਇਕ ਕਾਰੋਬਾਰ ਹੈ।

ਅਭੈ ਚੌਟਾਲਾ ਤੇ ਕੁਲਦੀਪ ਸ਼ਰਮਾ ਖਹਿਬੜੇ: ਵਿਰੋਧੀ ਧਿਰ ਦੇ ਆਗੂ ਅਭੈ ਚੌਟਾਲਾ ਅਤੇ ਕਾਂਗਰਸੀ ਵਿਧਾਇਕ ਕੁਲਦੀਪ ਸ਼ਰਮਾ ਵਿਚਾਲੇ ਜ਼ੋਰਦਾਰ ਬਹਿਸੀ ਹੋਈ। ਇਨੈਲੋ ਆਗੂ ਨੇ ਕਿਹਾ ਕਿ ਸ੍ਰੀ ਸ਼ਰਮਾ ਨੇ ਵਿਧਾਨ ਸਭਾ ਦੇ ਸਪੀਕਰ ਹੁੰਦਿਆਂ ਵਿਧਾਇਕ ਕ੍ਰਿਸ਼ਨ ਪੰਵਾਰ, ਜਿਹੜੇ ਹੁਣ ਟਰਾਂਸਪੋਰਟ ਮੰਤਰੀ ਹਨ, ਨੂੰ ਕਥਿਤ ਤੌਰ 'ਤੇ ਗਾਲ੍ਹਾਂ ਕੱਢੀਆਂ ਸਨ ਅਤੇ ਉਸ ਸਮੇਂ ਕਾਂਗਰਸ ਨੂੰ ਦਲਿਤਾਂ ਦਾ ਖਿਆਲ ਨਹੀਂ ਆਇਆ ਸੀ। ਇਸ 'ਤੇ ਸ੍ਰੀ ਸ਼ਰਮਾ ਨੇ ਕਿਹਾ ਕਿ ਇਨੈਲੋ ਆਗੂ ਝੂਠ ਬੋਲਣ ਦਾ ਆਦੀ ਹੈ ਤੇ ਉਸ ਨੂੰ ਸਦਨ ਵਿੱਚੋਂ ਕੱਢਿਆ ਜਾਵੇ। ਦੋਵੇਂ ਆਗੂਆਂ ਨੇ ਖੜ੍ਹੇ ਹੋ ਕੇ ਇਕ ਦੂਜੇ ਨੂੰ ਵੰਗਾਰਿਆ। ਸੁਰੱਖਿਆ ਸਟਾਫ ਨੇ ਵਿੱਚ ਪੈ ਕੇ ਉਨ੍ਹਾਂ ਨੂੰ ਸ਼ਾਂਤ ਕੀਤਾ। ਟਰਾਂਸਪੋਰਟ ਮੰਤਰੀ ਕ੍ਰਿਸ਼ਨ ਪੰਵਾਰ ਨੇ ਕਿਹਾ ਕਿ ਤਤਕਾਲੀ ਸਪੀਕਰ ਨੇ ਉਨ੍ਹਾਂ ਨੂੰ ਸਦਨ ਵਿੱਚ ਧਮਕਾਇਆ ਸੀ ਅਤੇ ਉਨ੍ਹਾਂ ਨੇ ਇਸ ਦੀ ਸ਼ਿਕਾਇਤ ਯੂ.ਟੀ. ਪੁਲੀਸ ਕੋਲ ਕੀਤੀ ਸੀ ਪਰ ਹਾਲੇ ਤਕ ਕੋਈ ਕਾਰਵਾਈ ਨਹੀਂ ਹੋਈ।

ਲੋਕ ਸਭਾ 'ਚ ਅਸਹਿਣਸ਼ੀਲਤਾ ਰਹੀ ਹਾਵੀ

ਇੰਨੀ ਸੱਟ ਨਹੀਂ ਲੱਗੀ ਹੋਣੀ ਜਿੰਨੀ ਅੱਜ ਲੱਗੀ ਹੈ। ਉਨ੍ਹਾਂ ਕਿਹਾ,"ਮੁਹੰਮਦ ਸਲੀਮ ਨੇ ਮੇਰੇ ਖ਼ਿਲਾਫ਼ ਗੰਭੀਰ ਦੋਸ਼ ਮੜ੍ਹੇ ਹਨ। ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਕਦੋਂ ਅਤੇ ਕਿਥੇ ਮੈਂ ਅਜਿਹਾ ਬਿਆਨ ਦਿੱਤਾ ਜਾਂ ਉਹ ਮੁਆਫ਼ੀ ਮੰਗਣ। ਇਕ ਗ੍ਰਹਿ ਮੰਤਰੀ ਜੇਕਰ ਅਜਿਹਾ ਕੋਈ ਬਿਆਨ ਦਿੰਦਾ ਹੈ ਤਾਂ ਉਸ ਨੂੰ ਗ੍ਰਹਿ ਮੰਤਰੀ ਦੇ ਅਹੁਦੇ 'ਤੇ ਬਣੇ ਰਹਿਣ ਦਾ ਨੈਤਿਕ ਅਧਿਕਾਰ ਨਹੀਂ ਹੈ। ਮੈਂ ਹਰੇਕ ਸ਼ਬਦ ਸੋਚ ਸਮਝ ਕੇ ਬੋਲਦਾ ਹਾਂ। ਲੋਕ ਜਾਣਦੇ ਹਨ ਕਿ ਰਾਜਨਾਥ ਸਿੰਘ ਅਜਿਹਾ ਬਿਆਨ ਕਦੇ ਨਹੀਂ ਦੇ ਸਕਦਾ।"

ਰਸਾਲੇ ਦਾ ਜ਼ਿਕਰ ਕਰਦਿਆਂ ਸ੍ਰੀ ਸਲੀਮ ਨੇ ਕਿਹਾ ਕਿ ਰਾਜਨਾਥ ਸਿੰਘ ਨੇ ਆਰਐਸਐਸ ਦੀ ਬੈਠਕ ਦੌਰਾਨ ਵਿਵਾਦਤ ਟਿੱਪਣੀ ਕੀਤੀ ਸੀ। ਭਾਜਪਾ ਦੇ ਕੁਝ ਮੈਂਬਰਾਂ ਨੇ ਉਨ੍ਹਾਂ ਤੋਂ ਪੁੱਛਿਆ ਕਿ ਕੀ ਉਹ ਬਿਆਨ ਦੇਣ ਵੇਲੇ ਬੈਠਕ 'ਚ ਹਾਜ਼ਰ ਸਨ ਤਾਂ ਸੀਪੀਐਮ ਮੈਂਬਰ ਨੇ ਕਿਹਾ,"ਮੇਰੀ ਕਿਸਮਤ ਇੰਨੀ ਮਾੜੀ ਨਹੀਂ ਹੈ ਕਿ ਮੈਂ ਆਰਐਸਐਸ ਦੀ ਬੈਠਕ 'ਚ ਜਾਵਾਂ।" ਸੰਸਦੀ ਮਾਮਲਿਆਂ ਬਾਰੇ ਰਾਜ ਮੰਤਰੀ ਰਾਜੀਵ ਪ੍ਰਤਾਪ ਰੂਡੀ ਸਮੇਤ ਸਰਕਾਰੀ ਬੈਂਚਾਂ 'ਤੇ ਬੈਠੇ ਮੈਂਬਰਾਂ ਨੇ ਮੰਗ ਕੀਤੀ ਕਿ ਸ੍ਰੀ ਸਲੀਮ ਟਿੱਪਣੀ ਨੂੰ ਉਸ ਸਮੇਂ ਤਕ ਵਾਪਸ ਲੈਣ, ਜਦੋਂ ਤਕ ਸਪੀਕਰ ਰਿਪੋਰਟ ਦੀ ਅਸਲੀਅਤ ਸਮੇਤ ਨਿਯਮਾਂ ਦੀ ਪੜਤਾਲ ਨਹੀਂ ਕਰ ਲੈਂਦੇ। ਸਦਨ 'ਚ ਜਦੋਂ ਹੰਗਾਮਾ ਵੱਧ ਗਿਆ ਤਾਂ ਸਪੀਕਰ ਨੇ ਸਦਨ ਦੀ ਕਾਰਵਾਈ ਇਕ ਘੰਟੇ ਲਈ ਮੁਲਤਵੀ ਕਰ ਦਿੱਤੀ।

ਸ੍ਰੀ ਸਲੀਮ ਨੇ ਆਖਿਆ ਕਿ ਉਹ ਕਿਸੇ 'ਤੇ ਦੋਸ਼ ਨਹੀਂ ਲਾ ਰਹੇ ਸਗੋਂ ਇਕ ਮਸ਼ਹੂਰ ਹਫ਼ਤਾਵਾਰੀ ਮੈਗਜ਼ੀਨ ਦਾ ਹਵਾਲਾ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਨਾ ਤਾਂ ਗ੍ਰਹਿ ਮੰਤਰੀ ਅਤੇ ਨਾ ਹੀ ਸਰਕਾਰ ਨੇ ਇਸ ਰਿਪੋਰਟ ਨੂੰ ਨਕਾਰਿਆ ਹੈ। ਇਸ ਦੌਰਾਨ ਉਨ੍ਹਾਂ ਸ੍ਰੀ ਰਾਜਨਾਥ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਦਾਦਰੀ ਕਾਂਡ ਸਮੇਂ ਸਰਕਾਰ ਵੱਲੋਂ ਸਭ ਤੋਂ ਪਹਿਲਾਂ ਉਨ੍ਹਾਂ ਇਸ ਦੀ ਨਿਖੇਧੀ ਕੀਤੀ ਸੀ। ਹੰਗਾਮੇ ਵਿਚਕਾਰ ਸ੍ਰੀ ਸਲੀਮ ਲੋਕ ਸਭਾ ਦੇ ਸਕੱਤਰ ਜਨਰਲ ਕੋਲ ਗਏ ਅਤੇ ਰਾਜਨਾਥ ਸਿੰਘ ਦੇ ਬਿਆਨਾਂ ਵਾਲਾ ਲੇਖ ਉਨ੍ਹਾਂ ਨੂੰ ਸੌਂਪਿਆ। ਬੀਜੇਡੀ ਦੇ ਬੀ ਮਾਹਤਾਬ ਨੇ ਸਰਕਾਰੀ ਧਿਰ ਦਾ ਪੱਖ ਪੂਰਿਆ ਅਤੇ ਨਿਯਮਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਮੰਤਰੀ ਜਾਂ ਮੈਂਬਰ ਖ਼ਿਲਾਫ਼ ਦੋਸ਼ ਨੋਟਿਸ ਦਿੱਤੇ ਬਿਨਾਂ ਨਹੀਂ ਲਾਏ ਜਾ ਸਕਦੇ। ਟੀਐਮਸੀ ਦੇ ਸੌਗਾਤਾ ਰਾਏ ਨੇ ਇਕ ਹੋਰ ਨਿਯਮ ਦਾ ਹਵਾਲਾ ਦਿੰਦਿਆਂ ਸ੍ਰੀ ਸਲੀਮ ਦਾ ਪੱਖ ਪੂਰਿਆ। ਸਾਰੇ ਹੰਗਾਮੇ ਵਿਚਕਾਰ ਸਪੀਕਰ ਨੇ ਮੈਂਬਰ ਨੂੰ ਕਿਹਾ ਕਿ ਉਹ ਉਨ੍ਹਾਂ ਦੀ ਟਿੱਪਣੀ ਨੂੰ ਉਸ ਸਮੇਂ ਤਕ ਰਿਕਾਰਡ 'ਤੇ ਨਹੀਂ ਲੈ ਰਹੇ ਜਦੋਂ ਤਕ ਕਿ ਉਹ ਖ਼ੁਦ ਇਸ ਦੀ ਪੜਤਾਲ ਨਹੀਂ ਕਰ ਲੈਂਦੇ। ਸਦਨ ਦੀ ਕਾਰਵਾਈ ਵਾਰ-ਵਾਰ ਮੁਲਤਵੀ ਹੋਣ ਤੋਂ ਬਾਅਦ ਸਪੀਕਰ ਨੇ ਐਲਾਨ ਕੀਤਾ ਕਿ ਦੋਸ਼ ਲਾਏ ਜਾਣ ਵਾਲੇ ਹਿੱਸੇ ਨੂੰ ਕਾਰਵਾਈ 'ਚੋਂ ਕੱਢਿਆ ਜਾ ਰਿਹਾ ਹੈ ਕਿਉਂਕਿ ਸ੍ਰੀ ਸਲੀਮ ਨੇ ਇਸ ਸਬੰਧੀ ਕੋਈ ਨੋਟਿਸ ਨਹੀਂ ਦਿੱਤਾ ਸੀ। ਬਹਿਸ ਸ਼ੁਰੂ ਹੋਣ ਤੋਂ ਬਾਅਦ ਸ੍ਰੀ ਸਲੀਮ ਨੇ ਕਿਹਾ ਕਿ ਵੱਧ ਰਹੀ ਅਸਹਿਣਸ਼ੀਲਤਾ ਨੂੰ ਰੋਕਣ 'ਚ ਸਰਕਾਰ ਨਾਕਾਮ ਰਹੀ ਹੈ। ਉਨ੍ਹਾਂ ਲੇਖਕਾਂ, ਕਲਾਕਾਰਾਂ ਅਤੇ ਫਿਲਮਸਾਜ਼ਾਂ ਵੱਲੋਂ ਪੁਰਸਕਾਰ ਮੋੜਨ ਦਾ ਹਵਾਲਾ ਵੀ ਦਿੱਤਾ। ਉਨ੍ਹਾਂ ਕਿਹਾ,"ਇਹ ਸੱਤਿਆਮੇਵ ਜਯਤੇ ਨਹੀਂ ਅਸੱਤਿਆਮੇਵ ਜਯਤੇ ਹੈ। ਇਹ ਅਹਿੰਸਾ ਪਰਮੋ ਧਰਮ ਨਹੀਂ ਸਗੋਂ ਹਿੰਸਾ ਪਰਮੋ ਧਰਮ ਹੈ।" ਉਨ੍ਹਾਂ ਕੇਂਦਰੀ ਮੰਤਰੀ ਜਨਰਲ (ਸੇਵਾਮੁਕਤ) ਵੀ ਕੇ ਸਿੰਘ ਵੱਲੋਂ ਹਰਿਆਣਾ 'ਚ ਦਲਿਤ ਹੱਤਿਆ ਕਾਂਡ ਬਾਰੇ ਦਿੱਤੇ ਬਿਆਨ ਦੀ ਵੀ ਨਿਖੇਧੀ ਕੀਤੀ। ਕਾਂਗਰਸ ਮੈਂਬਰ ਕੇ ਸੀ ਵੇਣੂਗੋਪਾਲ ਨੇ ਕਿਹਾ ਕਿ ਪਿਛਲੇ 15 ਤੋਂ 16 ਮਹੀਨਿਆਂ ਦੌਰਾਨ ਵਾਪਰੀਆਂ ਘਟਨਾਵਾਂ ਕਰ ਕੇ ਧਰਮ ਨਿਰਪੱਖਤਾ ਦਾ ਤਾਣਾ-ਬਾਣਾ ਤਹਿਸ-ਨਹਿਸ ਹੋ ਗਿਆ। ਉਨ੍ਹਾਂ ਕਿਹਾ ਕਿ ਅਸਹਿਣਸ਼ੀਲਤਾ ਦੀਆਂ ਘਟਨਾਵਾਂ ਤੋਂ ਬਾਅਦ ਪ੍ਰਧਾਨ ਮੰਤਰੀ ਵੱਲੋਂ ਕੋਈ ਵੀ ਢੁੱਕਵਾਂ ਬਿਆਨ ਨਹੀਂ ਆਇਆ। ਉਨ੍ਹਾਂ ਮੁਤਾਬਕ ਕਾਰਵਾਈ ਨਾ ਕਰਨ ਕਰ ਕੇ ਅਸਹਿਣਸ਼ੀਲ ਤਾਕਤਾਂ ਨੂੰ ਉਤਸ਼ਾਹ ਮਿਲਦਾ ਹੈ। ਸ੍ਰੀ ਵੇਣੂਗੋਪਾਲ ਨੇ ਕਿਹਾ ਕਿ ਸਹਿਣਸ਼ੀਲ ਹਿੰਦੂਵਾਦ ਅਤੇ ਅਸਹਿਣਸ਼ੀਲ ਹਿੰਦੂਤਵ ਵਿਚਕਾਰ ਨਿਖੇੜਾ ਕਰਨਾ ਚਾਹੀਦਾ ਹੈ। -ਪੀਟੀਆਈ

ਰਾਜ ਸਭਾ 'ਚ ਵੀ ਸਰਕਾਰ ਨੂੰ ਘੇਰਾ

ਨਵੀਂ ਦਿੱਲੀ: ਵਿਰੋਧੀ ਧਿਰ ਨੇ ਰਾਜ ਸਭਾ 'ਚ ਵੀ ਅਸਹਿਣਸ਼ੀਲਤਾ ਦੇ ਮੁੱਦੇ 'ਤੇ ਸਰਕਾਰ 'ਤੇ ਨਿਸ਼ਾਨਾ ਲਾਇਆ। ਕਾਂਗਰਸ, ਐਨਸੀਪੀ ਅਤੇ ਬਸਪਾ ਨੇ ਕਿਹਾ ਕਿ ਦੇਸ਼ 'ਚ ਘੱਟ ਗਿਣਤੀਆਂ ਅਤੇ ਦਲਿਤਾਂ 'ਤੇ ਹੋਏ ਹਮਲਿਆਂ ਨਾਲ ਅਰਾਜਕਤਾ ਦਾ ਮਾਹੌਲ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੁਕਮਰਾਨ ਮੈਂਬਰਾਂ ਵੱਲੋਂ ਦਿੱਤੇ ਜਾ ਰਹੇ ਭੜਕਾਊ ਬਿਆਨਾਂ 'ਤੇ ਲਗਾਮ ਕਸਣ। ਬਸਪਾ ਮੁਖੀ ਮਾਇਆਵਤੀ ਨੇ ਮੰਗ ਕੀਤੀ ਕਿ ਹਰਿਆਣਾ 'ਚ ਦਲਿਤ ਕਾਂਡ ਸਬੰਧੀ ਕੇਂਦਰੀ ਮੰਤਰੀ ਵੀ ਕੇ ਸਿੰਘ ਵੱਲੋਂ ਦਿੱਤੇ ਬਿਆਨ ਲਈ ਉਨ੍ਹਾਂ ਨੂੰ ਜੇਲ੍ਹ ਭੇਜਿਆ ਜਾਣਾ ਚਾਹੀਦਾ ਹੈ। ਸੰਸਦੀ ਮਾਮਲਿਆਂ ਬਾਰੇ ਮੰਤਰੀ ਐਮ ਵੈਂਕਈਆ ਨਾਇਡੂ ਨੇ ਕਿਹਾ ਕਿ ਇਹ ਘਟਨਾਵਾਂ ਰਾਤੋਂ ਰਾਤ ਨਹੀਂ ਵਾਪਰੀਆਂ ਸਗੋਂ ਪਹਿਲਾਂ ਤੋਂ ਹੀ ਅਸਹਿਣਸ਼ੀਲਤਾ ਫੈਲੀ ਹੋਈ ਹੈ। -ਪੀਟੀਆਈ

ਏਡਜ਼ ਖ਼ਿਲਾਫ਼ ਟੇਰਕਿਆਣਾ ਦੀ 'ਰੱਬ' ਉਤੇ ਟੇਕ

ਮਦਦ ਸਹਾਰੇ ਦਿਨ ਕੱਟ ਰਹੀਆਂ ਹਨ। ਸੀਮਾ ਨੇ ਦੱਸਿਆ, 'ਮੇਰਾ 12-13 ਸਾਲ ਪਹਿਲਾਂ ਵਿਆਹ ਹੋਇਆ ਸੀ। ਪਤੀ ਦੀ ਮੌਤ ਬਾਅਦ ਮੈਨੂੰ ਚਾਰ ਕੁ ਸਾਲ ਪਹਿਲਾਂ ਇਸ ਬਿਮਾਰੀ ਬਾਰੇ ਪਤਾ ਲੱਗਾ ਸੀ। ਮੈਂ ਹੁਣ ਆਪਣੀ ਧੀ ਸਹਾਰੇ ਦਿਨ ਕੱਟ ਰਹੀ ਹਾਂ। ਖੁਸ਼ਕਿਸਮਤੀ ਨਾਲ ਉਸ ਨੂੰ ਇਹ ਬਿਮਾਰੀ ਨਹੀਂ ਹੈ। ਮੈਂ ਆਂਗਣਵਾੜੀ ਕੇਂਦਰ ਵਿੱਚ ਨੌਕਰੀ ਲਈ ਕੋਸ਼ਿਸ਼ ਕੀਤੀ ਪਰ ਮਿਲੀ ਨਹੀਂ।' ਰਿਤੂ (ਨਾਂ ਬਦਲਿਆ) ਦੇ ਤਿੰਨ ਬੱਚੇ ਹਨ। ਛੇ ਸਾਲ ਪਹਿਲਾਂ ਪਤੀ ਦੀ ਮੌਤ ਬਾਅਦ ਉਹ ਵੀ ਜ਼ਿੰਦਗੀ ਦੀ ਲੜਾਈ ਲੜ ਰਹੀ ਹੈ। ਇਸ ਪਿੰਡ ਵਿੱਚ ਕਈ ਪਰਿਵਾਰ ਹਨ, ਜਿਨ੍ਹਾਂ ਦੇ ਦੋਵੇਂ ਕਮਾਊ ਪੁੱਤ ਇਹ ਨਾਮੁਰਾਦ ਬਿਮਾਰੀ ਨਿਗਲ ਗਈ ਹੈ। 65 ਸਾਲਾ ਸਵਰਨਜੀਤ (ਨਾਂ ਬਦਲਿਆ) ਨੂੰ ਸਾਲ 2002 ਵਿੱਚ ਏਡਜ਼ ਹੋਣ ਬਾਰੇ ਪਤਾ ਲੱਗਾ ਸੀ। ਉਹ ਲੋਕਾਂ ਦੇ ਘਰਾਂ ਵਿੱਚ ਕੰਮ ਕਰਕੇ ਰੋਟੀ ਦਾ ਜੁਗਾੜ ਕਰਦੀ ਸੀ ਪਰ ਬਿਮਾਰੀ ਬਾਰੇ ਪਤਾ ਲੱਗਣ ਬਾਅਦ ਉਸ ਨੂੰ ਕੰਮ ਤੋਂ ਜੁਆਬ ਮਿਲ ਗਿਆ। ਉਸ ਦਾ ਪਤੀ ਟਰੱਕ ਡਰਾਈਵਰ ਸੀ। ਹੁਣ ਵਿਆਹੀ ਹੋਈ ਧੀ ਮਦਦ ਲਈ ਆਪਣਾ ਸਹੁਰਾ ਘਰ ਛੱਡ ਕੇ ਉਸ ਨਾਲ ਰਹਿੰਦੀ ਹੈ। ਪਿੰਡ ਵਧਾਈਆ ਦੇ ਲੋਕਾਂ ਨੇ ਦੱਸਿਆ ਕਿ ਪਿਛਲੇ 12-13 ਸਾਲਾਂ ਵਿੱਚ ਉਨ੍ਹਾਂ ਦੇ ਪਿੰਡ ਵਿੱਚ ਹੀ 12-13 ਮੌਤਾਂ ਹੋਈਆਂ ਹਨ।

ਕਾਰਬਨ ਨਿਕਾਸੀ: ਮੋਦੀ ਵੱਲੋਂ ਅਮੀਰ ਦੇਸ਼ਾਂ ਨੂੰ ਤਿੱਖਾ ਸੁਨੇਹਾ

ਥਾਂ ਨੇੜੇ ਭਾਰਤੀ ਪੰਡਾਲ ਦਾ ਉਦਘਾਟਨ ਕਰਦਿਆਂ ਕਿਹਾ ਕਿ ਵਾਤਾਵਰਨ ਤਬਦੀਲੀ ਵੱਡੀ ਆਲਮੀ ਚੁਣੌਤੀ ਹੈ। ਇਸ ਦੌਰਾਨ ਸ੍ਰੀ ਮੋਦੀ ਵਾਤਾਵਰਨ ਮੰਤਰੀ ਪ੍ਰਕਾਸ਼ ਜਾਵੇਡਕਰ ਨਾਲ ਪੰਡਾਲ ਦੇ ਵੱਖ ਵੱਖ ਸਟਾਲਾਂ 'ਤੇ ਗਏ ਅਤੇ ਵਾਤਾਵਰਨ ਸੁਰੱਖਿਆ ਬਾਰੇ ਇਕ ਕਿਤਾਬ ਵੀ ਰਲੀਜ਼ ਕੀਤੀ। ਉਨ੍ਹਾਂ ਨਵਿਆਉਣਯੋਗ ਊਰਜਾ ਬਾਰੇ ਭਾਰਤ ਦੀ ਯੋਜਨਾ ਦਾ ਖ਼ੁਲਾਸਾ ਕਰਦਿਆਂ ਕਿਹਾ ਕਿ 2022 ਤਕ ਦੇਸ਼ ਨੇ 175 ਗੀਗਾਵਾਟ ਨਵਿਆਉਣਯੋਗ ਊਰਜਾ ਪੈਦਾ ਕਰਨ ਦਾ ਟੀਚਾ ਰੱਖਿਆ ਹੈ ਅਤੇ ਅਗਲੇ ਵਰ੍ਹੇ ਦੇ ਅਖੀਰ ਤਕ ਕਰੀਬ 12 ਗੀਗਾਵਾਟ ਊਰਜਾ ਪੈਦਾ ਹੋਣੀ ਸ਼ੁਰੂ ਹੋ ਜਾਏਗੀ। ਉਨ੍ਹਾਂ ਦਾਅਵਾ ਕੀਤਾ ਕਿ ਰਹਿੰਦ ਖੂੰਹਦ ਤੋਂ ਬਿਜਲੀ ਬਣਾਈ ਜਾਏਗੀ ਅਤੇ ਸ਼ਹਿਰਾਂ ਨੂੰ ਸਮਾਰਟ ਬਣਾਇਆ ਜਾਏਗਾ। ਪ੍ਰਧਾਨ ਮੰਤਰੀ ਨੇ ਕੁਝ ਅਜਿਹੇ ਹੀ ਵਿਚਾਰ 'ਫਾਈਨਾਂਸ਼ਲ ਟਾਈਮਜ਼' 'ਚ ਪ੍ਰਕਾਸ਼ਤ ਲੇਖ 'ਚ ਵੀ ਪ੍ਰਗਟਾਏ ਹਨ।

ਬਾਅਦ 'ਚ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨਾਲ ਹੋਈ ਮੁਲਾਕਾਤ ਤੋਂ ਬਾਅਦ ਸ੍ਰੀ ਮੋਦੀ ਨੇ ਕਿਹਾ ਕਿ ਭਾਰਤ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਤਿਆਰ ਹੈ। ਉਨ੍ਹਾਂ ਸ੍ਰੀ ਓਬਾਮਾ ਵੱਲੋਂ ਮੁੱਦਿਆਂ ਸਬੰਧੀ ਖੁੱਲ੍ਹ ਕੇ ਗੱਲ ਕਰਨ ਦੀ ਵੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਸ ਨਾਲ ਦੋਹਾਂ ਮੁਲਕਾਂ ਵਿਚਕਾਰ ਬਿਹਤਰ ਸਮਝ ਪੈਦਾ ਹੋਏਗੀ। ਉਧਰ ਵਾਤਾਵਰਨ ਤਬਦੀਲੀ ਸਬੰਧੀ ਤਾਕਤਵਰ ਸਮਝੌਤੇ 'ਤੇ ਜ਼ੋਰ ਦਿੰਦਿਆਂ ਸ੍ਰੀ ਓਬਾਮਾ ਨੇ ਸਿਖਰ ਸੰਮੇਲਨ 'ਚ ਕਿਹਾ ਕਿ ਅੱਜ ਸ਼ੁਰੂ ਹੋਈ ਆਲਮੀ ਵਾਰਤਾ ਨੇ ਅਤਿਵਾਦ ਨੂੰ ਕਰਾਰਾ ਜਵਾਬ ਦੇ ਦਿੱਤਾ ਹੈ ਜੋ ਸਾਬਿਤ ਕਰਦਾ ਹੈ ਕਿ ਦੁਨੀਆ ਯੂਰਪ ਅਤੇ ਉਸ ਤੋਂ ਪਰ੍ਹਾਂ ਇਸਲਾਮਿਕ ਸਟੇਟ ਨਾਲ ਜੁੜੇ ਹਮਲਿਆਂ ਤੋਂ ਅਪ੍ਰਭਾਵਿਤ ਹੈ। ਉਨ੍ਹਾਂ ਆਗੂਆਂ ਨੂੰ ਨਿਰਾਸ਼ਾਵਾਦ ਦੇ ਦੁਸ਼ਮਣ ਨਾਲ ਸੰਘਰਸ਼ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਹੜ੍ਹਾਂ ਅਤੇ ਕੁਦਰਤੀ ਆਫ਼ਤਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਭਵਿੱਖ ਨੂੰ ਬਦਲਣ ਦੀ ਉਨ੍ਹਾਂ ਕੋਲ ਤਾਕਤ ਹੈ। -ਪੀਟੀਆਈ

ਬਾਦਲ ਅਤੇ ਤੋਤਾ ਸਿੰਘ ਨੂੰ ਨੋਟਿਸ ਜਾਰੀ

ਦੀ ਖਰੀਦ ਸਬੰਧੀ ਘੁਟਾਲਾ ਨੰਗਾ ਹੋਇਆ ਹੈ,ਜਿਸ ਕਾਰਨ ਪੰਜਾਬ ਵਿੱਚ ਕਪਾਹ ਨਰਮੇ ਦੀ ਫਸਲ ਤਬਾਹ ਹੋਈ।ਇੱਕ ਡਾਇਰੈਕਟਰ ਅਤੇ ਦੋ ਜੁਆਇੰਟ ਡਾਇਰੈਕਟਰਾਂ ਨੂੰ ਮੁਲਜ਼ਮ ਨਾਮਜ਼ਦ ਕਰ ਦਿੱਤਾ ਗਿਆ।ਪਟੀਸ਼ਨਰ ਅਨੁਸਾਰ ਇਸ ਵਿੱਚ ਪੰਜਾਬ ਪੁਲੀਸ ਦੀ ਵਿਸ਼ੇਸ਼ ਟੀਮ ਉਦੋਂ ਤੱਕ ਜਾਂਚ ਨਿਰਪੱਖ ਢੰਗ ਨਾਲ ਨਹੀਂ ਕਰ ਸਕੇਗੀ ਜਦ ਤੱਕ ਤੋਤਾ ਸਿੰਘ ਪੰਜਾਬ ਸਰਕਾਰ ਵਿੱਚ ਮੰਤਰੀ ਹੈ।ਇਸ ਮਾਮਲੇ ਵਿੱਚ ਵੀ ਉਸਨੇ ਸੀਬੀਆਈ ਜਿਹੀ ਕਿਸੇ ਨਿਰਪੱਖ ਏਜੰਸੀ ਤੋਂ ਜਾਂਚ ਕਰਾਏ ਜਾਣ ਦੀ ਮੰਗ ਕੀਤੀ ਹੈ।

ਪਟੀਸ਼ਨਰ ਦੇ ਵਕੀਲ ਐਚ ਸੀ ਅਰੋੜਾ ਨੇ ਅਦਾਲਤ ਦੇ ਧਿਆਨ ਵਿੱਚ ਲਿਆਂਦਾ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਕਾਰ ਦੀ ਦੁਰਵਰਤੋਂ ਦੇ ਮਾਮਲੇ ਵਿੱਚ 5 ਮਈ 2012 ਨੂੰ ਤੋਤਾ ਸਿੰਘ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਸੀ। ਉਸਨੂੰ ਇੱਕ ਸਾਲ ਦੀ ਬਾਮੁਸ਼ੱਕਤ ਸਜ਼ਾ ਸੁਣਾਈ ਗਈ ਸੀ।ਵਕੀਲ ਨੇ ਮੰਤਰੀ 'ਤੇ ਲੱਗੇ ਹੋਰ ਦੋਸ਼ਾਂ ਬਾਰੇ ਵੀ ਅਦਾਲਤ ਨੂੰ ਦੱਸਿਆ।

ਜਵਾਹਰ ਲਾਲ ਨਹਿਰੂ ਸਰਕਾਰੀ ਕਾਲਜ ਤੂਰਾਂ ਮੰਡੀ, ਗੋਬਿੰਦਗੜ੍ਹ (ਫ.ਗ.ਸ.)

ਵਾਕ ਇਨ ਇੰਟਰਵਿਊ

ਲੋੜ ਹੈ ਸੇਸ਼ਨ: 2015-16 ਲਈ ਸਰੀਰਕ ਸਿੱਖਿਆ ਲੈਕਚਰਾਰ ਗੈਸਟ ਫੈਕਲਟੀ (1) ਹੋਮ ਸਾਇੰਸ ਲੈਕਚਰਾਰ ਗੈਸਟ ਫੈਕਲਟੀ (1)
ਯੋਗਤਾਵਾਂ: ਪੰਜਾਬ ਸਰਕਾਰ-ਯੂ.ਜੀ.ਸੀ. ਦੇ ਨਿਯਮਾਂ ਅਨੁਸਾਰ।
ਵੇਤਨਮਾਨ: ਪੀ.ਟੀ.ਏ. ਫੰਡ, ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ।

ਇਹ ਅਸਾਮੀ ਪੂਰੀ ਤਰ੍ਹਾਂ ਆਰਜ਼ੀ ਆਧਾਰ 'ਤੇ ਹੋਵੇਗੀ। ਇੰਟਰਵਿਊ ਪ੍ਰਿੰਸੀਪਲ ਦੇ ਦਫਤਰ ਵਿੱਚ ਮਿਤੀ 04.12.2015, ਸਵੇਰੇ 10.30 ਵਜੇ ਹੋਵੇਗੀ। ਦਸਤਾਵੇਜ਼ ਨਾਲ ਲਿਆਂਦੇ ਜਾਣ। ਟੀ.ਏ./ਡੀ.ਏ. ਨਹੀਂ ਦਿੱਤਾ ਜਾਵੇਗਾ।

ਸਹੀ/-ਪ੍ਰਿੰਸੀਪਲ

TRC-31404

[illegible]

ਮਿਲਟਰੀ ਇੰਜੀਨੀਅਰ ਸਰਵਿਸ
ਈ-ਟੈਂਡਰ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਾਸਤੇ ਗੈਰੀਸਨ ਇੰਜੀਨੀਅਰ (ਸਾਊਥ), ਪਟਿਆਲਾ ਵੱਲੋਂ ਐਮ.ਈ.ਐਸ. ਦੇ ਯੋਗ ਸੂਚੀਕ੍ਰਿਤ ਠੇਕੇਦਾਰਾਂ ਤੋਂ ਹੇਠ ਲਿਖੇ ਕੰਮਾਂ ਲਈ ਟੈਂਡਰ ਜਾਰੀ ਕਰਨ ਲਈ ਠੇਕੇਦਾਰਾਂ ਦੀ ਚੋਣ ਵਾਸਤੇ ਯੋਗਤਾ ਮਾਪਦੰਡਾਂ ਨੂੰ ਪੂਰਾ ਕਰਨ ਵਾਸਤੇ ਹੋਰ ਸਰਕਾਰੀ ਵਿਭਾਗਾਂ ਨਾਲ ਕੰਮ ਕਰ ਰਹੇ ਸੂਚੀਕ੍ਰਿਤ/ਗੈਰ-ਸੂਚੀਕ੍ਰਿਤ ਠੇਕੇਦਾਰਾਂ ਤੋਂ ਬਿਨੈਪੱਤਰ ਮੰਗੇ ਜਾਂਦੇ ਹਨ।

ਲੜੀ ਨੰ.	ਕੰਮ ਦਾ ਨਾਂ	ਅੰਦਾਜ਼ਨ ਲਾਗਤ	ਬਿਆਨਾ ਰਕਮ	ਸ਼੍ਰੇਣੀ
1.	ਜੀਈ (ਸਾਊਥ) ਪਟਿਆਲਾ ਅਧੀਨ ਮਿਲ. ਸਟੇਸ਼ਨ, ਨਾਭਾ ਵਿੱਚ ਸੀਵੇਜ ਸਿਸਟਮ ਦੀ ਨਿਰਧਾਰਿਤ ਮੁਰੰਮਤ ਅਤੇ ਸਫਾਈ।	9.70 ਲੱਖ	19400/-	ਏ (ii)

2. ਹਰੇਕ ਟੈਂਡਰ ਦਾ ਮੁੱਲ
(ਏ) ਗੈਰੀਸਨ ਇੰਜੀਨੀਅਰ (ਸਾਊਥ), ਪਟਿਆਲਾ ਦੇ ਪੱਖ ਵਿੱਚ ਕੌਮੀਕ੍ਰਿਤ ਬੈਂਕ ਦੇ ਡੀ.ਡੀ./ਬੈਂਕਰ ਚੈੱਕ ਦੇ ਰੂਪ ਵਿੱਚ ਰੁ. 500/-
(ਬੀ) ਨੋਟ: ਠੇਕੇਦਾਰ ਆਪਣੀ ਦਰਖਾਸਤ, ਟੈਂਡਰ ਦੇ ਮੁੱਲ ਵਜੋਂ ਡੀ.ਡੀ./ਬੀ.ਸੀ., ਸੂਚੀਕਰਨ ਪੱਤਰ ਅਤੇ ਹੋਰ ਲੋੜੀਂਦੇ ਵੇਰਵੇ ਦੀਆਂ ਕਾਪੀਆਂ ਅਪਲੋਡ ਕਰਨ।
3. ਹੋਰ ਵੇਰਵੇ ਲਈ ਵੇਖੋ: www.eprocuremes.gov.in

ਏ.ਈ. (ਕਿਊ.ਐਸ. ਐਂਡ ਸੀ.),
ਏ.ਜੀ.ਈ. (ਕਾਂਟ੍ਰੈਕਟ) ਵਾਸਤੇ ਗੈਰੀਸਨ ਇੰਜੀਨੀਅਰ।

TRC-31250

ਭਾਰਤੀ ਰੇਲ

ਭਾਰਤੀ ਰੇਲ ਕਲਿਆਣ ਸੰਗਠਨ (ਇਰਵੋ) ਵੱਲੋਂ ਰੇਲ ਵਿਹਾਰ, ਵੀ.ਆਈ.ਪੀ. ਰੋਡ, ਜ਼ੀਰਕਪੁਰ, ਪੰਜਾਬ, ਚੰਡੀਗੜ੍ਹ ਨੇੜੇ, ਘੱਟ ਆਮਦਨ ਸ਼੍ਰੇਣੀ ਦੇ ਫਲੈਟਾਂ ਦੀ ਵੰਡ ਲਈ ਦਰਖਾਸਤ ਸੱਦਾ

1. ਘੱਟ ਆਮਦਨ ਸ਼੍ਰੇਣੀ ਦੀਆਂ ਬਿਲਡਿੰਗਾਂ ਦਾ ਖੇਤਰਫਲ ਤਕਰੀਬਨ 30.00 ਵ.ਮੀ. ਅਤੇ ਬਿਲਡਿੰਗਾਂ ਦੀ ਸੰਖਿਆ 44 ਹੈ। ਬਿਲਡਿੰਗ ਦਾ ਮੁੱਲ ਰੁ. 799000/- ਪ੍ਰਤੀ ਬਿਲਡਿੰਗ ਹੈ। ਦਰਖਾਸਤ ਦੇ ਨਾਲ ਰਜਿਸਟਰੇਸ਼ਨ ਫੀਸ ਰੁ. 79900/- ਹੈ। ਬਾਕੀ ਰਾਸ਼ੀ ਤਿੰਨ ਕਿਸ਼ਤਾਂ ਵਿੱਚ ਦੇਣੀ ਹੈ।
2. ਬਿਨੈਕਾਰ ਪੰਜਾਬ/ਯੂ.ਟੀ., ਚੰਡੀਗੜ੍ਹ ਦਾ ਮੂਲ ਨਿਵਾਸੀ ਹੋਵੇ ਅਤੇ ਸਾਰੇ ਸਰੋਤਾਂ ਤੋਂ ਪਰਿਵਾਰ ਦੀ ਕੁੱਲ ਆਮਦਨ ਰੁ. 2650/- ਤੋਂ ਵੱਧ ਨਾ ਹੋਵੇ।
3. ਰੁਪਏ 50/- ਦੀ ਕੀਮਤ ਦਾ ਵਿਸਤ੍ਰਿਤ ਸ਼ਰਤਾਂ ਵਾਲਾ ਦਰਖਾਸਤ ਫਾਰਮ, ਮਿਤੀ 1 ਦਸੰਬਰ 2015 ਤੋਂ 30 ਜਨਵਰੀ 2016 ਤੱਕ ਕਿਸੇ ਵੀ ਕਾਰਜਦਿਵਸ ਨੂੰ ਬਾ.ਦੁ. 2 ਵਜੇ ਤੋਂ ਬਾ.ਦੁ. 4.30 ਵਜੇ ਵਿਚਕਾਰ ਹੇਠ ਲਿਖੇ ਸਥਾਨਾਂ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।
(i) ਭਾਰਤੀ ਰੇਲ ਕਲਿਆਣ ਸੰਗਠਨ (ਇਰਵੋ), ਰੇਲਵੇ ਆਫਿਸ ਕੰਪਲੈਕਸ, ਸ਼ਿਵਾਜੀ ਬ੍ਰਿਜ (ਸ਼ੰਕਰ ਮਾਰਕੀਟ ਦੇ ਪਿੱਛੇ), ਨਵੀਂ ਦਿੱਲੀ-110001
(ii) ਜਨਰਲ ਮੈਨੇਜਰ, ਇਰਵੋ, ਰੇਲਵੇ ਕੰਸਟਰਕਸ਼ਨ ਆਫਿਸ ਕੰਪਲੈਕਸ, ਨਜ਼ਦੀਕ ਰੇਲਵੇ ਸਟੇਸ਼ਨ, ਚੰਡੀਗੜ੍ਹ। ਫੋਨ: 0172-2731923
4. ਪੂਰੀ ਤਰ੍ਹਾਂ ਭਰੇ ਹੋਏ ਦਰਖਾਸਤ ਫਾਰਮ ਮਿਤੀ 31 ਜਨਵਰੀ, 2016 ਸ਼ਾਮੀਂ ਚਾਰ ਵਜੇ ਤੱਕ ਉਕਤ ਪਤੇ 'ਤੇ ਸਵੀਕਾਰ ਕੀਤੇ ਜਾਣਗੇ।
5. ਹੋਰ ਜਾਣਕਾਰੀ ਲਈ ਸੰਪਰਕ ਕਰੋ:
ਫੋਨ: ਐਮ.ਟੀ.ਐਨ.ਐਲ. 011-23413627, ਫੈਕਸ: 011-23411173, ਵੈੱਬਸਾਈਟ: www.irwo.net, ਈਮੇਲ: support@irwo.net

ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ. ਦਫਤਰ: ਪੀ.ਐਸ.ਈ.ਬੀ. ਹੈੱਡ ਆਫਿਸ, ਦੀ ਮਾਲ, ਪਟਿਆਲਾ-147001)
ਕਾਰਪੋਰੇਟ ਪਛਾਣ ਨੰਬਰ- U40109PB2010SGC033814 www.pstcl.org
ਦਫ਼ਤਰ: ਸੀਨੀ. ਕਾਰਜਕਾਰੀ ਇੰਜੀ./ਗਰਿੱਡ ਉਸਾਰੀ ਮੰਡਲ, ਪਟਿਆਲਾ, ਫੋਨ ਨੰ. 0175-2354167, ਈ-ਮੇਲ- griddivnpta@gmail.com

(ਟੈਂਡਰ ਨੋਟਿਸ)

ਟੈਂਡਰ ਦਾ ਵੇਰਵਾ	ਇਕ ਨੰਬਰ 2.5 ਟਨ ਕਪੈਸਿਟੀ ਵਾਲੀ (Tata 407 Canter or equivalent price) ਗੱਡੀ ਗਰਿੱਡ ਉਸਾਰੀ ਉਪ ਮੰਡਲ, ਪੀ.ਐਸ.ਟੀ.ਸੀ.ਐਲ., ਪਟਿਆਲਾ ਅਧੀਨ ਚੱਲ ਰਹੇ ਕੰਮਾਂ ਉੱਪਰ ਕਾਮਿਆਂ ਅਤੇ ਸਾਜੋ-ਸਾਮਾਨ ਦੀ ਢੋਆ-ਢੁਆਈ ਲਈ ਕਿਰਾਏ 'ਤੇ ਲੈਣ ਲਈ। ਪਹਿਲੇ 1000 ਕਿਲੋਮੀਟਰ ਸਮੇਤ ਡਰਾਈਵਰ ਅਤੇ ਸਾਰੇ ਖਰਚੇ ਦੱਸੇ ਜਾਣ ਅਤੇ ਇਸ ਤੋਂ ਉੱਪਰ ਪ੍ਰਤੀ ਕਿਲੋਮੀਟਰ ਦੇ ਰੇਟ ਵੀ ਦਿੱਤੇ ਜਾਣ।
ਟੈਂਡਰ ਨੰਬਰ	07/2015-16
ਸਪੈਸੀਫਿਕੇਸ਼ਨ ਦੀ ਕੀਮਤ	500/- ਰੁਪਏ ਦਾ ਬੈਂਕ ਡਰਾਫਟ/ਕੈਸ਼ (ਡਰਾਫਟ ਪੀ.ਐਸ.ਟੀ.ਸੀ.ਐਲ., ਪਟਿਆਲਾ ਦੇ ਨਾਮ 'ਤੇ ਹੋਵੇ)

ਆਖਰੀ ਮਿਤੀ ਅਤੇ ਸਮਾਂ

ਟੈਂਡਰ ਫਾਰਮ ਵੇਚਣ ਦੀ ਮਿਤੀ	ਮਿਤੀ: 28.12.2015, ਸ਼ਾਮ 05.00 ਵਜੇ ਤੱਕ
ਟੈਂਡਰ ਪ੍ਰਾਪਤ ਕਰਨ ਦੀ ਮਿਤੀ	ਮਿਤੀ: 30.12.2015, ਸਵੇਰੇ 10.00 ਵਜੇ ਤੱਕ
ਟੈਂਡਰ ਖੋਲ੍ਹਣ ਦੀ ਮਿਤੀ ਤੇ ਸਮਾਂ	ਮਿਤੀ: 30.12.2015, ਸਵੇਰੇ 11.00 ਵਜੇ ਤੱਕ

ਹੋਰ ਲੋੜੀਂਦੀ ਸੂਚਨਾ ਵੈੱਬਸਾਈਟ www.pstcl.org ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ

ਸਹੀ/- ਸੀਨੀਅਰ ਕਾਰਜਕਾਰੀ ਇੰਜੀਨੀਅਰ/ਗਰਿੱਡ ਉਸਾਰੀ ਮੰਡਲ, ਪਟਿਆਲਾ।

DPR/Pb/5277-C

ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ. ਦਫਤਰ: ਪੀ.ਐਸ.ਈ.ਬੀ. ਹੈੱਡ ਆਫਿਸ, ਦੀ ਮਾਲ, ਪਟਿਆਲਾ-147001)
ਕਾਰਪੋਰੇਟ ਪਹਿਚਾਣ ਸੰਖਿਆ.: U40109PB2010SGCO33814, www.pstcl.org
ਦਫ਼ਤਰ- ਸੀਨੀ. ਐਕਸੀਅਨ/ਗਰਿੱਡ ਕੰਸਟ੍ਰਕਸ਼ਨ ਡਿਵੀ., ਪਟਿਆਲਾ, ਫੋਨ ਨੰ. 0175-2354167, ਈਮੇਲ: griddivnpta@gmail.com

ਟੈਂਡਰ ਸੂਚਨਾ

1	ਟੈਂਡਰ ਸੂਚਨਾ	ਗਰਿੱਡ ਕੰਸਟ੍ਰਕਸ਼ਨ ਡਿਵੀਜ਼ਨ ਪੀ.ਐਸ.ਟੀ.ਸੀ.ਐਲ., ਪਟਿਆਲਾ ਦੇ ਅਧਿਕਾਰ ਖੇਤਰ ਅਧੀਨ ਕੰਮਾਂ ਦੇ ਨਿਰੀਖਣ ਲਈ ਡਿਵੀਜ਼ਨਲ ਦਫਤਰ ਵਾਸਤੇ ਵਾਹਨ (ਸਕਾਰਪੀਓ/ਜ਼ਾਇਲੋ ਜਾਂ ਬਰਾਬਰ ਦੀ ਕੀਮਤ ਵਾਲਾ) ਕਿਰਾਏ 'ਤੇ ਲੈਣਾ। ਦਰਾਂ ਡਰਾਈਵਰ ਸਹਿਤ ਪ੍ਰਤੀ ਮਹੀਨਾ 1500 ਕਿ.ਮੀ. ਮਾਸਿਕ ਲਈ ਦੱਸੀਆਂ ਜਾਣ (ਸਾਰੇ ਚਾਰਜਿਜ਼ ਸਹਿਤ) ਅਤੇ ਇਸ ਲਿਮਟ ਤੋਂ ਉਪਰ ਦਰਾਂ ਪ੍ਰਤੀ ਕਿ.ਮੀ. ਦਿੱਤੀਆਂ ਜਾਣ।
2	ਟੈਂਡਰ ਪੁੱਛਗਿੱਛ ਨੰ.	05/2015-16
3	ਸਪੈਸੀਫਿਕੇਸ਼ਨ ਦੀ ਕੀਮਤ	ਰੁ. 500/- ਡਿਮਾਂਡ ਡਰਾਫਟ/ਨਗਦ/ਡਿਮਾਂਡ ਡਰਾਫਟ ਪੀ.ਐਸ.ਟੀ.ਸੀ.ਐਲ., ਪਟਿਆਲਾ ਦੇ ਪੱਖ ਵਿੱਚ।
4	ਹੇਠ ਲਈ ਅੰਤਿਮ ਮਿਤੀ ਅਤੇ ਸਮਾਂ	
i	ਟੈਂਡਰ ਦਸਤਾਵੇਜ਼ਾਂ ਦੀ ਵਿਕਰੀ	28.12.2015 ਨੂੰ ਸ਼ਾਮੀਂ 5.00 ਵਜੇ ਤੱਕ
ii	ਟੈਂਡਰ ਪ੍ਰਾਪਤੀ	30.12.2015 ਨੂੰ ਸਵੇਰੇ 10.00 ਵਜੇ ਤੱਕ
iii	ਟੈਂਡਰ ਖੋਲ੍ਹਣਾ	30.12.2015 ਨੂੰ ਸਵੇਰੇ 11.00 ਵਜੇ

ਵਿਸਤ੍ਰਿਤ ਸ਼ਰਤਾਂ ਅਤੇ ਪ੍ਰਤੀਬੰਧ ਪੀ.ਐਸ.ਟੀ.ਸੀ.ਐਲ. ਦੀ ਵੈੱਬਸਾਈਟ (www.pstcl.org) ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ।

ਸਹੀ/- ਸੀਨੀ. ਕਾਰਜਕਾਰੀ ਇੰਜੀਨੀਅਰ/ਗਰਿੱਡ ਕੰਸਟ੍ਰਕਸ਼ਨ ਡਿਵੀਜ਼ਨ, ਪਟਿਆਲਾ।

DPR/Pb/5283-C

ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ.ਆਫਿਸ ਪੀ.ਐਸ.ਈ.ਬੀ. ਹੈੱਡ ਆਫਿਸ, ਦੀ ਮਾਲ, ਪਟਿਆਲਾ-147001)
ਕਾਰਪੋਰੇਟ ਆਈ.ਡੀ. ਨੰਬਰ: U40109PB2010SGC033814 www.pstcl.org
ਦਫ਼ਤਰ ਸ.ਕਾ. ਇੰਜੀ., ਗਰਿੱਡ ਉਸਾਰੀ ਮੰਡਲ, ਪਟਿਆਲਾ, ਫੋਨ ਨੰ. 0175-2354167, ਈਮੇਲ:-griddivnpta@gmail.com

ਟੈਂਡਰ ਨੋਟਿਸ

ਟੈਂਡਰ ਦਾ ਵੇਰਵਾ	ਇਕ ਨੰਬਰ 2.5 ਟਨ ਕਪੈਸਿਟੀ ਵਾਲੀ (Tata 407 Canter or equivalent price) ਗੱਡੀ ਗਰਿੱਡ ਉਸਾਰੀ ਉਪ-ਮੰਡਲ, ਪੀ.ਐਸ.ਟੀ.ਸੀ.ਐਲ., ਮੰਡੀ ਗੋਬਿੰਦਗੜ੍ਹ ਅਧੀਨ ਚੱਲ ਰਹੇ ਕੰਮਾਂ ਉੱਪਰ ਕਾਮਿਆਂ ਅਤੇ ਸਾਜ਼ੋ-ਸਮਾਨ ਦੀ ਢੋਆ-ਢੁਆਈ ਲਈ ਕਿਰਾਏ 'ਤੇ ਲੈਣ ਲਈ। ਪਹਿਲੇ 1000 ਕਿਲੋਮੀਟਰ ਸਮੇਤ ਡਰਾਈਵਰ ਅਤੇ ਸਾਰੇ ਖਰਚੇ ਦੱਸੇ ਜਾਣ ਅਤੇ ਉਸ ਤੋਂ ਉੱਪਰ ਪ੍ਰਤੀ ਕਿਲੋਮੀਟਰ ਦੇ ਰੇਟ ਵੀ ਦਿੱਤੇ ਜਾਣ।
ਟੈਂਡਰ ਨੰਬਰ	08/2015-16
ਸਪੈਸੀਫਿਕੇਸ਼ਨ ਦੀ ਕੀਮਤ	500/- ਰੁਪਏ ਦਾ ਬੈਂਕ ਡਰਾਫਟ/ਕੈਸ਼ (ਡਰਾਫਟ ਪੀ.ਐਸ.ਟੀ.ਸੀ.ਐਲ., ਪਟਿਆਲਾ ਦੇ ਨਾਮ 'ਤੇ ਹੋਵੇ)

ਆਖਰੀ ਮਿਤੀ ਤੇ ਸਮਾਂ

ਟੈਂਡਰ ਫਾਰਮ ਵੇਚਣ ਦੀ ਮਿਤੀ	ਮਿਤੀ 28.12.2015, ਸ਼ਾਮ 5.00 ਵਜੇ ਤੱਕ
ਟੈਂਡਰ ਪ੍ਰਾਪਤ ਕਰਨ ਦੀ ਮਿਤੀ	ਮਿਤੀ 30.12.2015, ਸਵੇਰੇ 10.00 ਵਜੇ ਤੱਕ
ਟੈਂਡਰ ਖੋਲ੍ਹਣ ਦੀ ਮਿਤੀ ਤੇ ਸਮਾਂ	ਮਿਤੀ 30.12.2015, ਸਵੇਰੇ 11.00 ਵਜੇ ਤੱਕ

ਹੋਰ ਲੋੜੀਂਦੀ ਸੂਚਨਾ ਵੈੱਬਸਾਈਟ: www.pstcl.org ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਸਹੀ/ਸੀਨੀਅਰ ਕਾਰਜਕਾਰੀ ਇੰਜੀਨੀਅਰ/ਗਰਿੱਡ ਉਸਾਰੀ ਮੰਡਲ, ਪਟਿਆਲਾ।

DPR/Pb/5274-C

ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ.ਆਫਿਸ: ਪੀ.ਐਸ.ਈ.ਬੀ. ਹੈੱਡ ਆਫਿਸ, ਦੀ ਮਾਲ, ਪਟਿਆਲਾ-147001)
ਕਾਰਪੋਰੇਟ ਆਈ.ਡੀ. ਨੰਬਰ: U40109PB2010SGC033814 www.pstcl.org
ਦਫ਼ਤਰ ਸ.ਕਾ. ਇੰਜੀ./ਗਰਿੱਡ ਉਸਾਰੀ ਮੰਡਲ, ਪਟਿਆਲਾ, ਫੋਨ ਨੰ. 0175-2354167, ਈਮੇਲ:-griddivnpta@gmail.com

ਟੈਂਡਰ ਨੋਟਿਸ

ਟੈਂਡਰ ਦਾ ਵੇਰਵਾ	ਇਕ ਨੰਬਰ 2.5 ਟਨ ਕਪੈਸਿਟੀ ਵਾਲੀ (Tata 407 Canter or equivalent price) ਗੱਡੀ ਗਰਿੱਡ ਉਸਾਰੀ ਉਪ-ਮੰਡਲ, ਪੀ.ਐਸ.ਟੀ.ਸੀ.ਐਲ., ਪਟਿਆਲਾ ਅਧੀਨ ਚੱਲ ਰਹੇ ਕੰਮਾਂ ਉੱਪਰ ਕਾਮਿਆਂ ਅਤੇ ਸਾਜ਼ੋ-ਸਮਾਨ ਦੀ ਢੋਆ-ਢੁਆਈ ਲਈ ਕਿਰਾਏ 'ਤੇ ਲੈਣ ਲਈ। ਪਹਿਲੇ 1000 ਕਿਲੋਮੀਟਰ ਸਮੇਤ ਡਰਾਈਵਰ ਅਤੇ ਸਾਰੇ ਖਰਚੇ ਦੱਸੇ ਜਾਣ ਅਤੇ ਉਸ ਤੋਂ ਉੱਪਰ ਪ੍ਰਤੀ ਕਿਲੋਮੀਟਰ ਦੇ ਰੇਟ ਵੀ ਦਿੱਤੇ ਜਾਣ।
ਟੈਂਡਰ ਨੰਬਰ	06/2015-16
ਸਪੈਸੀਫਿਕੇਸ਼ਨ ਦੀ ਕੀਮਤ	500/- ਰੁਪਏ ਦਾ ਬੈਂਕ ਡਰਾਫਟ/ਕੈਸ਼ (ਡਰਾਫਟ ਪੀ.ਐਸ.ਟੀ.ਸੀ.ਐਲ., ਪਟਿਆਲਾ ਦੇ ਨਾਮ 'ਤੇ ਹੋਵੇ)

ਆਖਰੀ ਮਿਤੀ ਤੇ ਸਮਾਂ

ਟੈਂਡਰ ਫਾਰਮ ਵੇਚਣ ਦੀ ਮਿਤੀ	ਮਿਤੀ 28.12.2015, ਸ਼ਾਮ 5.00 ਵਜੇ ਤੱਕ
ਟੈਂਡਰ ਪ੍ਰਾਪਤ ਕਰਨ ਦੀ ਮਿਤੀ	ਮਿਤੀ 30.12.2015, ਸਵੇਰੇ 10.00 ਵਜੇ ਤੱਕ
ਟੈਂਡਰ ਖੋਲ੍ਹਣ ਦੀ ਮਿਤੀ ਤੇ ਸਮਾਂ	ਮਿਤੀ 30.12.2015, ਸਵੇਰੇ 11.00 ਵਜੇ ਤੱਕ

ਹੋਰ ਲੋੜੀਂਦੀ ਸੂਚਨਾ ਵੈੱਬਸਾਈਟ: www.pstcl.org. ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਸਹੀ/ਸੀਨੀਅਰ ਕਾਰਜਕਾਰੀ ਇੰਜੀਨੀਅਰ/ਗਰਿੱਡ ਉਸਾਰੀ ਮੰਡਲ, ਪਟਿਆਲਾ।

DPR/Pb/5276-C

Punjabi Tribune Chandigarh
01/12/15